BBC LEARNING ENGLISH

# Essential English Conversation

# ਸ਼ੌਕ ਅਤੇ ਵਿਹਲੇ ਸਮੇਂ ਦੀਆਂ ਗਤੀਵਿਧੀਆਂ: ਤੁਸੀਂ ਵਿਹਲੇ ਸਮੇਂ ਵਿੱਚ ਕੀ ਕਰਦੇ ਹੋ?

*This is not a word-for-word transcript*

**ਰਾਜਵੀਰ**

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਇਸ ਵਿੱਚ ਅਸੀਂ ਗੱਲ ਕਰਦੇ ਹਾਂ ਅੰਗਰੇਜ਼ੀ ਬੋਲੀ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਤੇ ਅੱਜ ਤੁਸੀਂ ਸਿੱਖੋਗੇ ਅੰਜਰੇਜ਼ੀ ਵਿੱਚ ਕਿਸ ਤਰ੍ਹਾਂ ਪੁੱਛਣਾ ਹੈ ਕਿ ਲੋਕ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦੇ ਹਨ।

ਦੋ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਉਹਨਾਂ ਦੇ ਵਿਹਲੇ ਸਮੇਂ ਦੇ ਕੰਮਾਂ ਬਾਰੇ ਪੁੱਛ ਰਹੇ ਹਨ।

***Sam***
*What do you do in your spare time?*

***Rob***
*I play the guitar in a band. What about you?*

***Sam***
*I like exercising.*

**ਰਾਜਵੀਰ**

ਜੇ ਔਖਾ ਲੱਗਿਆ ਤਾਂ ਵੀ ਕੋਈ ਫ਼ਿਕਰ ਵਾਲੀ ਗੱਲ ਨਹੀਂ। ਤੁਹਾਨੂੰ ਅਭਿਆਸ ਵਿੱਚ ਮਦਦ ਕਰਨ ਲਈ, ਅਸੀਂ ਸਾਰੀ ਗੱਲਬਾਤ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।

ਪਹਿਲਾਂ ਸੈਮ ਨੇ ਰੌਬ ਨੂੰ ਪੁੱਛਿਆ, 'ਤੁਸੀਂ ਕੀ ਕਰਦੇ ਹੋ...?', 'What do you do….?' ਉਸਨੇ ਰੌਬ ਨੂੰ ਪੁੱਛਣਾ ਸੀ ਕਿ ਵਿਹਲੇ ਸਮੇਂ ਵਿੱਚ ਕੀ ਕਰਦਾ ਹੈ? ਇਸ ਲਈ ਉਸਨੇ ਵਾਕ ਦੇ ਅਖੀਰ ਵਿੱਚ ਲਗਾਇਆ "in your spare time?' ਜਿਸਦਾ ਮਤਲਬ ਹੈ, 'ਆਪਣੇ ਵਿਹਲੇ ਸਮੇਂ ਵਿੱਚ'।

ਹੁਣ ਤੁਸੀਂ ਸੁਣੋ ਅਤੇ ਪਿੱਛੇ ਬੋਲੋ।

*What do you do in your spare time?*


© British Broadcasting Corporation 2018

**ਰਾਜਵੀਰ**

ਤਾਂ ਰੌਬ ਨੇ ਕਿਹਾ, ਮੈਂ ਇੱਕ ਬੈਂਡ ਵਿੱਚ ਗਿਟਾਰ ਵਜਾਉਂਦਾ ਹਾਂ। 'I play the guitar in a band'। ਜਦੋਂ ਅਸੀਂ ਕਿਸੇ ਸਾਜ਼ ਨੂੰ ਵਜਾਉਣ ਬਾਰੇ ਗੱਲ ਕਰਦੇ ਹਾਂ ਤਾਂ ਅਸੀਂ ਸ਼ਬਦ 'play' ਦਾ ਇਸਤੇਮਾਲ ਕਰਦੇ ਹਾਂ। 'band' ਮਤਲਬ ਅਲੱਗ-ਅਲੱਗ ਸਾਜ਼ ਵਜਾਉਣ ਵਾਲੇ ਲੋਕਾਂ ਦਾ ਗਰੁੱਪ।

*I play the guitar in a band*

**ਰਾਜਵੀਰ**

ਰੌਬ ਨੇ ਸੈਮ ਨੂੰ ਵੀ ਮੁੜ ਕੇ ਉਹੀ ਸੁਆਲ ਪੁੱਛਿਆ, ਅਜਿਹਾ ਕਰਨ ਲਈ ਉਸਨੇ ਕਿਹਾ, , 'ਤੇ ਤੁਹਾਡੇ ਬਾਰੇ ਕੀ?' ਹੁਣ ਸੁਣੋ ਅਤੇ ਦੁਹਰਾਓ।

*What about you?*

**ਰਾਜਵੀਰ**

ਤਦ ਸੈਮ ਨੇ ਜੁਆਬ ਦਿੱਤਾ ਉਸਨੂੰ ਕਸਰਤ ਕਰਨਾ ਪਸੰਦ ਹੈ। ਜਦੋਂ ਤੁਸੀਂ ਆਪਣੀ ਪਸੰਦ ਬਾਰੇ ਦੱਸਣਾ ਹੋਵੇ ਤਾਂ ਤੁਸੀਂ ਕਹੋਗੇ "I like" ਅਤੇ ਆਪਣੀ ਪਸੰਦ ਦਾ ਕੰਮ ਦੱਸ ਕੇ –ing ਉਸ ਸ਼ਬਦ ਦੇ ਨਾਲ ਜੋੜੋਗੇ ਜਿਵੇਂ ਜੇ ਤੁਹਾਨੂੰ ਫ਼ਿਲਮਾਂ ਦੇਖਣੀਆਂ ਪਸੰਦ ਹਨ ਤਾਂ ਤੁਸੀਂ ਕਹੋਗੇ 'I like watching movies.' ਹੁਣ ਸੁਣੋ ਅਤੇ ਦੁਹਰਾਓ।

*I like exercising.*

**ਰਾਜਵੀਰ**

ਸ਼ਾਬਾਸ਼! ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣ ਕੇ ਜੋ ਆਪਣੇ ਵਿਹਲੇ ਸਮੇਂ ਦੇ ਕੰਮਾਂ ਬਾਰੇ ਗੱਲ ਕਰ ਰਹੇ ਹਨ।

*What do you do in your spare time?*

*I go fishing by the river. What about you?*

*I like playing sports.*

*What do you do in your spare time?*

*I play basketball with my friends. What about you?*

*I like meeting friends.*

**ਰਾਜਵੀਰ**

ਠੀਕ ਹੈ ਇੱਕ ਵਾਰ ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਅਤੇ ਦੁਹਰਾਓ।


© British Broadcasting Corporation 2018

*What do you do in your spare time?*

*I play the guitar in a band.*

*What about you?*

*I like exercising.*

**ਰਾਜਵੀਰ**

ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਅੰਗਰੇਜ਼ੀ ਦੇ ਵਾਕਾਂ ਨੂੰ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ ਬੋਲੋ।

ਤੁਸੀਂ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦੇ ਹੋ**?**
*What do you do in your spare time?*

ਮੈਂ ਗਿਟਾਰ ਵਜਾਉਂਦਾ ਹਾਂ।
*I play the guitar in a band.*

ਤੁਹਾਡੇ ਬਾਰੇ ਕੀ ਹੈ ?
*What about you?*

ਮੈਂ ਕਸਰਤ ਕਰਨਾ ਪਸੰਦ ਕਰਦੀ ਹਾਂ।
*I like exercising.*

**ਰਾਜਵੀਰ**

Fantastic **-** ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਕਿਸੇ ਨੂੰ ਉਸ ਦੀਆਂ ਵਿਹਲੇ ਸਮੇਂ ਦੀਆਂ ਗਤੀਵਿਧੀਆਂ ਬਾਰੇ ਕਿਵੇਂ ਪੁੱਛਣਾ ਹੈ। ਸੈਮ ਨੂੰ ਜੁਆਬ ਦੇ ਕੇ ਅਭਿਆਸ ਕਰੋ। ਤੇ, ਉਸ ਬਾਰੇ ਪੁੱਛਣਾ ਨਾ ਭੁੱਲਣਾ।

What do you do in your spare time?

*I like exercising.*

**ਰਾਜਵੀਰ**

Great, ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।

***Sam***
*What do you do in your spare time?*

***Rob***
*I play the guitar in a band. What about you?*


© British Broadcasting Corporation 2018

***Sam***
*I like exercising*

**ਰਾਜਵੀਰ**
ਬਹੁਤ ਅੱਛਾ! ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਕਿਸੇ ਨੂੰ ਉਸ ਦੀਆਂ ਵਿਹਲੇ ਸਮੇਂ ਦੀਆਂ ਗਤੀਵਿਧੀਆਂ ਬਾਰੇ ਕਿਵੇਂ ਪੁੱਛਣਾ ਹੈ। ਜੋ ਵੀ ਸਿੱਖਿਆ ਉਸ ਦਾ ਅਭਿਆਸ ਕਰਨਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਅਤੇ ਅੰਗਰੇਜ਼ੀ ਵਿੱਚ ਉਸ ਨੂੰ ਪੁੱਛੋ, ਉਹ ਆਪਣਾ ਵਿਹਲਾ ਸਮਾਂ ਕਿਵੇਂ ਬਿਤਾਉਂਦਾ ਹੈ। ਇਸ ਤਰੀਕੇ ਨਾਲ ਤੁਸੀਂ ਇਸ ਸਭ ਦਾ ਅਭਿਆਸ ਕਰੋ ਅਤੇ ਅਸੀਂ ਅੱਜ ਦੀ ਗੱਲਬਾਤ ਇਥੇ ਹੀ ਖ਼ਤਮ ਕਰਦੇ ਹਾਂ। ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2018